# 6th Round of India-Argentina Foreign Office Consultations

November 24, 2021

..........................................................................................................................

## ਭਾਰਤ ਅਤੇ ਅਰਜਨਟੀਨਾ ਦੇ ਵਿਦੇਸ਼ ਦਫਤਰਾਂ ਦੇ ਸਲਾਹ-ਮਸ਼ਵਰੇ ਦਾ 6ਵਾਂ ਗੇੜ

### 24 ਨਵੰਬਰ, 2021

1. ਭਾਰਤ ਅਤੇ ਅਰਜਨਟੀਨਾ ਦੇ ਵਿਦੇਸ਼ ਦਫ਼ਤਰਾਂ ਦੇ ਸਲਾਹ-ਮਸ਼ਵਰੇ ਦਾ 6ਵਾਂ ਗੇੜ 24 ਨਵੰਬਰ, 2021 ਨੂੰ ਨਵੀਂ ਦਿੱਲੀ ਵਿਖੇ ਹੋਇਆ। ਸਕੱਤਰ (ਪੂਰਬ) ਸ਼੍ਰੀਮਤੀ ਰੀਵਾ ਗਾਂਗੁਲੀ ਦਾਸ ਨੇ ਭਾਰਤੀ ਵਫ਼ਦ ਦੀ ਅਗਵਾਈ ਕੀਤੀ ਜਦਕਿ ਅਰਜਨਟੀਨਾ ਦੇ ਵਫ਼ਦ ਦੀ ਅਗਵਾਈ ਉਪ ਵਿਦੇਸ਼ ਮੰਤਰੀ ਸ੍ਰੀ ਪਾਬਲੋ ਟੇਟਾਮੰਤੀ ਨੇ ਕੀਤੀ।

2. ਭਾਰਤ ਅਤੇ ਅਰਜਨਟੀਨਾ ਦਰਮਿਆਨ ਬਹੁ-ਪੱਖੀ ਸਬੰਧਾਂ ਦੀ ਸਮੀਖਿਆ ਕਰਦੇ ਹੋਏ, ਜਿਨ੍ਹਾਂ ਨੂੰ 2019 ਵਿੱਚ ਰਣਨੀਤਕ ਭਾਈਵਾਲੀ ਦਾ ਦਰਜਾ ਦਿੱਤਾ ਗਿਆ ਸੀ, ਦੋਵਾਂ ਪੱਖਾਂ ਨੇ ਰੱਖਿਆ, ਪੁਲਾੜ, ਪ੍ਰਮਾਣੂ ਊਰਜਾ,ਖਣਿਜ, ਊਰਜਾ (ਰਵਾਇਤੀ ਅਤੇ ਨਵਿਆਉਣਯੋਗ), ਤੇਲ ਅਤੇ ਗੈਸ (ਰਵਾਇਤੀ ਅਤੇ ਸ਼ੈਲ), ਸਿਹਤ ਅਤੇ ਫਾਰਮਾ, ਖੇਤੀਬਾੜੀ, ਆਯੁਰਵੇਦ, ਵਿਕਾਸ ਸਹਿਯੋਗ, ਵਿਗਿਆਨ ਅਤੇ ਟੈਕਨੋਲੋਜੀ ਸਮੇਤ ਆਪਸੀ ਹਿੱਤਾਂ ਦੇ ਕਈ ਖੇਤਰਾਂ ਵਿੱਚ ਚੱਲ ਰਹੇ ਦੁਵੱਲੇ ਸਹਿਯੋਗ ਨੂੰ ਵਧਾਉਣ ਦਾ ਆਪਣਾ ਇਰਾਦਾ ਦੁਹਰਾਇਆ। ਦੋਵਾਂ ਪੱਖਾਂ ਨੇ ਵਪਾਰ ਅਤੇ ਨਿਵੇਸ਼ ਨੂੰ ਮਜ਼ਬੂਤ ਕਰਨ, ਵਧੇਰੇ ਖੇਤੀ ਅਤੇ ਦਵਾਈਆਂ ਦੇ ਉਤਪਾਦਾਂ ਲਈ ਬਾਜ਼ਾਰ ਪਹੁੰਚ, ਸੂਚਨਾ ਤਕਨਾਲੋਜੀ ਖੇਤਰ ਵਿੱਚ ਸਹਿਯੋਗ ਅਤੇ ਲੋਕ ਪੱਧਰੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕੀਤੇ ਜਾਣ ਵਾਲੇ ਉਪਾਵਾਂ ਦੀ ਸ਼ਿਨਾਖਤ ਕੀਤੀ।

3. ਦੋਵਾਂ ਦੇਸ਼ਾਂ ਨੇ COVID ਦੌਰਾਨ ਆਪਣੀ ਆਪਸੀ ਮਦਦ ਨੂੰ ਯਾਦ ਕੀਤਾ ਅਤੇ ਮਹਾਂਮਾਰੀ ਆਪਣੀ ਲੜਾਈ ਅਤੇ ਇਸ ਤੋਂ ਬਾਅਦ ਦੀ ਬਹਾਲੀ ਲਈ ਆਪਸੀ ਸਹਿਯੋਗ ਨੂੰ ਜਾਰੀ ਰੱਖਣ ਦਾ ਆਪਣੇ ਸਾਂਝਾ ਇਰਾਦਾ ਦੁਹਰਾਇਆ।

4. ਦੋਵਾਂ ਪੱਖਾਂ ਨੇ ਵੱਖ-ਵੱਖ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ - ਵਟਾਂਦਰੇ ਕੀਤੇ ਅਤੇ ਬਹੁਪੱਖੀ ਮੰਚਾਂ 'ਤੇ ਮੌਜੂਦਾ ਤਾਲਮੇਲ ਨੂੰ ਮਜ਼ਬੂਤ ਕਰਨ ਦਾ ਫੈਸਲਾ ਕੀਤਾ।

5. ਇਹ ਸਲਾਹ-ਮਸ਼ਵਰੇ ਦੋਸਤਾਨਾ, ਨਿੱਘੇ ਅਤੇ ਸਦਭਾਵਨਾ ਵਾਲੇ ਮਾਹੌਲ ਵਿੱਚ ਹੋਏ। ਦੋਵੇਂ ਪੱਖਾਂ ਨੇ ਬਿਊਨਸ ਆਇਰਸ ਵਿੱਚ ਆਪਸੀ ਸਹੂਲਤ ਦੇ ਸਮੇਂ 'ਤੇ ਅਗਲੇ ਸਲਾਹ-ਮਸ਼ਵਰੇ ਕਰਨ ਉੱਤੇ ਸਹਿਮਤੀ ਦਿੱਤੀ।

ਨਵੀਂ ਦਿੱਲੀ
24 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.